੧ੴ ਸਤਿਗੁਰ ਪ੍ਰਸਾਦਿ ॥

MATA GUJRI LIBRARY
G.T.B. GURDWARA
106 EAST PARK ROAD
LEICESTER
TEL: (0116) 276 0517

ਟ੍ਰੈਕਟ ਨੰ: 22

# ਸ਼ਹੀਦੀ ਪੁਰਬ ਉਤੇ ਛਬੀਲ

ਪ੍ਰਕਾਸ਼ਕ :

ਗੁਰਮਤਿ ਪ੍ਰਚਾਰ ਸਭਾ

ਪਟਿਆਲਾ।

| | | |
|---|---|---|
| ਮਈ | ਸੰਮਤ ਖਾਲਸਾ | ਅਠਵੀਂ ਵਾਰ |
| ੧੯੯੫ | ੨੯੭ | ੧੦,੦੦੦ |

ਭੇਟਾ :– ਆਪ ਪੜ੍ਹ ਕੇ ਹੋਰਨਾਂ ਨੂੰ ਪੜ੍ਹਾਓ ਜੀ ।

# ਸ਼ਹੀਦੀ ਗੁਰਪੁਰਬ ਉਤੇ ਛਬੀਲ

ਸੰਸਾਰ ਵਿਚ ਈਸਾਈ ਧਰਮ ਨੂੰ ਮੰਨਣ ਵਾਲਿਆਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ । ਇਨ੍ਹਾਂ ਲੋਕਾਂ ਨੇ ਆਪਣੇ ਧਰਮ ਦੇ ਪ੍ਰਚਾਰ ਲਈ ਜੋ ਜੋ ਘਾਲਣਾ ਘਾਲੀਆਂ ਹਨ ਅਤੇ ਜੋ ਹੁਣ ਵੀ ਘਾਲ ਰਹੇ ਹਨ, ਉਹ ਆਪਣੀ ਮਿਸਾਲ ਆਪ ਹਨ ।

ਇਹ ਲੋਕ ਵਖ ਵਖ ਦੇਸ਼ਾਂ ਦੀਆਂ ਵਖ ਵਖ ੧੫੦੦ ਤੋਂ ਵੱਧ ਬੋਲੀਆਂ ਵਿਚ ਆਪਣੀ ਧਾਰਮਕ ਪੁਸਤਕ 'ਅੰਜੀਲ' ਨੂੰ ਜਿਥੇ ਬੇਅੰਤ ਵਾਰ ਛਾਪ ਚੁੱਕੇ ਹਨ ਉਥੇ ਕਰੋੜਾਂ ਦੀ ਗਿਣਤੀ ਵਿਚ ਇਹ ਅੰਜੀਲਾਂ ਮੁਫਤ ਜਾਂ ਨਾਮ ਮਾਤਰ ਮੁੱਲ ਉਤੇ ਵੰਡੀਆਂ ਜਾ ਚੁੱਕੀਆਂ ਹਨ ਅਤੇ ਹੁਣ ਵੀ ਵੰਡੀਆਂ ਜਾ ਰਹੀਆਂ ਹਨ ।

ਇਸੇ ਤਰ੍ਹਾਂ ਮੁਸਲਮਾਨਾਂ ਵਿਚ ਕਲ੍ਹ ਦਾ ਜੰਮਿਆ ਇਕ ਫਿਰਕਾ "ਅਹਿਮਦੀਆ" (ਕਾਦੀਆਂ, ਜ਼ਿਲਾ ਗੁਰਦਾਸਪੁਰ ਦਾ) (ਮਿਰਜ਼ਈਆਂ) ਬਾਰੇ ਪੜ੍ਹ ਸੁਣ ਕੇ ਹੈਰਾਨੀ ਹੁੰਦੀ ਹੈ ਕਿ ਕਿਵੇਂ ਇਸ ਬਹੁਤ ਥੋੜ੍ਹੇ ਜਿਹੇ ਸਮੇਂ ਵਿਚ, ਧਰਮ ਪ੍ਰਚਾਰ ਨਾਲ ਇਨ੍ਹਾਂ ਲੋਕਾਂ ਨੇ ਅੰਤਰ ਰਾਸ਼ਟਰੀ ਮਹਾਨਤਾ ਪ੍ਰਾਪਤ ਕਰ ਲਈ ਹੈ।

ਕੇਵਲ ਇਨ੍ਹਾਂ ਲੋਕਾਂ ਨੇ ਹੀ ਨਹੀਂ ਸਗੋਂ ਆਰੀਆ ਸਮਾਜੀਆਂ ਅਤੇ ਰਾਧਾ ਸੁਆਮੀਆਂ ਆਦਿ ਨੇ ਸਾਡੇ ਵੇਖਦਿਆਂ ਵੇਖਦਿਆਂ ਹੀ ਦੇਸ਼ ਅੰਦਰ ਅਤੇ ਪ੍ਰਦੇਸ਼ਾਂ ਵਿਚ ਸੈਂਕੜੇ ਧਾਰਮਕ ਪ੍ਰਚਾਰਕ ਪੈਦਾ ਕੀਤੇ ਅਤੇ ਕਰ ਰਹੇ ਹਨ, ਜਿਸ ਨਾਲ ਇਹ ਲੋਕ ਆਪੋ ਆਪਣੇ ਮਤ

ਦਾ ਪ੍ਰਚਾਰ ਬੜੀ ਦੂਰ ਦੂਰ ਤਕ ਕਰ ਰਹੇ ਹਨ ।

ਭਾਰਤ ਵਿਚ ਵੀ ਅਤੇ ਬਾਹਰ ਵੀ ਈਸਾਈ ਮਿਸ਼ਨਰੀਆਂ, ਇਸ ਧਿਆਨ ਵਿਚ ਰਹਿੰਦੀਆਂ ਹਨ ਕਿ ਕਿਸੇ ਥੋੜ੍ਹੀ ਜਿਹੀ ਧਾਰਮਕ ਰੁਚੀ ਵਾਲੇ ਬੰਦੇ ਦਾ ਉਹਨਾਂ ਨੂੰ ਪਤਾ ਲਗ ਜਾਏ, ਤਾਂ ਉਹ ਝਟ ਆਪਣਾ ਧਾਰਮਕ ਲਿਟਰੇਚਰ, ਜੋ ਹਰ ਬੋਲੀ ਵਿਚ ਉਨ੍ਹਾਂ ਕੋਲ ਤਿਆਰ ਹੀ ਰਹਿੰਦਾ ਹੈ, ਫਰੀ ਭੇਜਣਾ ਸ਼ੁਰੂ ਕਰ ਦੇਂਦੇ ਹਨ ਅਤੇ ਬੜੇ ਪਿਆਰ ਅਤੇ ਸਤਿਕਾਰ ਨਾਲ ਪੜ੍ਹਨ ਪੜ੍ਹਾਉਣ ਲਈ ਨਾਲ ਦੀ ਨਾਲ ਪ੍ਰੇਰਨਾ ਦੇਂਦੇ ਰਹਿੰਦੇ ਹਨ ।

ਕਾਸ਼ ! ਸਾਨੂੰ ਸਿੱਖ ਅਖਵਾਉਣ ਵਾਲਿਆਂ ਨੂੰ ਕਦੀ ਲਿਟਰੇਚਰ ਰਾਹੀਂ ਧਰਮ ਪ੍ਰਚਾਰ ਦੀ ਮਹਾਨਤਾ ਦਾ ਪਤਾ ਹੁੰਦਾ ਕਿ ਇਸ ਤਰ੍ਹਾਂ ਦਾ ਪ੍ਰਚਾਰ ਜਿਥੇ ਪੱਕਾ ਅਤੇ ਦੇਰ ਤਕ ਰਹਿਣ ਵਾਲਾ ਹੁੰਦਾ ਹੈ ਉਥੇ ਇਸ ਦਾ ਅਸਰ ਦੂਰ ਦੂਰ ਤਕ ਪੁਜਣ ਵਾਲਾ ਹੁੰਦਾ ਹੈ ।

ਗੁਰਮਤਿ ਸੰਬੰਧੀ ਇਕ ਛੋਟੀ ਜਿਹੀ ਪੁਸਤਕ ਜਾਂ ਟ੍ਰੈਕਟ ਨੂੰ ਜਿਥੇ ਅਨੇਕਾਂ ਬੰਦੇ ਪੜ੍ਹ ਕੇ ਲਾਭ ਉਠਾ ਸਕਦੇ ਹਨ ਉਥੇ ਦੂਰ ਨੇੜੇ ਪਿੰਡਾਂ ਵਿਚ ਜਿਥੇ ਸਾਡੀ ਸਿੱਖ ਵਸੋਂ ਲਗਭਗ ੮੦% ਵਸਦੀ ਹੈ ਅਤੇ ਧਰਮ ਪ੍ਰਚਾਰ ਖਾਤਰ ਨਾ ਕੋਈ ਰਾਗੀ ਜਾਂਦਾ ਹੈ ਨਾ ਪ੍ਰਚਾਰਕ ਉਥੇ ਇਕ ਛੋਟਾ ਜਿਹਾ ਟ੍ਰੈਕਟ ਜਾਂ ਪੁਸਤਕ ਕਈਆਂ ਨੂੰ ਗੁਰਮਤਿ ਗਾਡੀ ਰਾਹ ਉਤੇ ਲਿਆਉਣ ਲਈ ਸਹਾਇਕ ਹੋ ਸਕਦੀ ਹੈ। ਪਰ ਅਫਸੋਸ ! ਸਾਨੂੰ ਇਸ ਗਲ ਦੀ ਸਾਰ ਹੀ ਨਹੀਂ।

ਸੇਵਕ, ਅੱਜ ਪਾਠਕਾਂ ਨਾਲ ਇਕ ਅੰਗਰੇਜ਼ ਮਿਸ਼ਨਰੀ ਦੀ ਲਿਟਰੇਚਰ ਰਾਹੀ ਧਰਮ ਪ੍ਰਚਾਰ ਦੀ ਭਾਵਨਾ ਨੂੰ ਦਰਸਾਉਣ ਦੀ

ਆਗਿਆ ਮੰਗਦਾ ਹੋਇਆ ਦਸਣਾ ਜ਼ਰੂਰੀ ਇਸ ਲਈ ਸਮਝਦਾ ਹੈ ਤਾਂ ਜੋ ਪਤਾ ਲਗੇ ਕਿ ਸਾਡੇ ਤੇ ਉਨ੍ਹਾਂ ਲੋਕਾਂ ਦੇ ਧਰਮ ਪ੍ਰਚਾਰ ਵਿਚ ਕਿੰਨਾ ਫਰਕ ਹੈ ?

ਪਹਿਲਾਂ ਹਾਪੜ ਸਿੱਖ ਮਿਸ਼ਨ ਅਤੇ ਫਿਰ ਹਰਿਆਣਾ ਸਿੱਖ ਮਿਸ਼ਨ ਦੇ ਇਕ ਸਮੇਂ ਦੇ ਇੰਚਾਰਜ ਗਿਆਨੀ ਜਗਜੀਤ ਸਿੰਘ ਜੀ ਦੇ ਦਸੇ ਅਨੁਸਾਰ ਇਕ ਵਾਰ ਕਲਕੱਤਾ ਵਿਖੇ ਇਕ ਸਰਬ ਧਰਮ ਸੰਮੇਲਨ ਵਿਚ ਭਾਗ ਲੈਣ ਦਾ ਸਮਾਂ ਇਕ ਸਿੱਖ ਮਿਸ਼ਨਰੀ ਨਾਲ ਉਨ੍ਹਾਂ ਨੂੰ ਵੀ ਮਿਲਿਆ। ਇਹ ਸੰਮੇਲਨ ਕਈ ਦਿਨ ਚਲਿਆ ਜਿਸ ਵਿਚ ਭਾਰਤ ਦੇ ਸਭ ਛੋਟੇ ਵੱਡੇ ਧਰਮਾਂ ਵਿਚੋਂ ਆਏ ਮਿਸ਼ਨਰੀਆਂ ਨੇ ਆਪੋ ਆਪਣੇ ਧਰਮ ਦੀਆਂ ਚੰਗੀਆਂ ਤੇ ਖਾਸ ਖਾਸ ਗੱਲਾਂ ਨੂੰ ਉਜਾਗਰ ਕਰਨਾ ਸੀ ਤੇ ਉਨ੍ਹਾਂ ਨੇ ਕੀਤਾ।

ਕਲਕੱਤਾ ਠਹਿਰਣ ਦੇ ਦੌਰਾਨ ਗਿਆਨੀ ਜੀ ਦੀ ਦੋਸਤੀ ਇਕ ਅੰਗਰੇਜ਼ ਪਾਦਰੀ ਨਾਲ ਚੰਗੀ ਹੋ ਗਈ – ਘੰਟਿਆਂ ਬੱਧੀ ਉਹ ਆਪਸ ਵਿਚ ਧਰਮ ਦੀਆਂ ਗੱਲਾਂ ਕਰਦੇ ਰਹਿੰਦੇ । ਅੰਤ ਸੰਮੇਲਨ ਦੇ ਖਤਮ ਹੋਣ ਤੇ ਜਦ ਸਭ ਆਪੋ ਆਪਣੇ ਘਰਾਂ ਨੂੰ ਮੁੜਨ ਲਗੇ ਤਾਂ ਉਸ ਅੰਗਰੇਜ਼ ਪਾਦਰੀ ਨੇ ਗਿਆਨੀ ਜੀ ਨੂੰ ਬੜੇ ਪਿਆਰ ਤੇ ਨਿੰਮ੍ਰਤਾ ਨਾਲ ਆਪਣੇ ਧਰਮ ਦੀ ਇਕ ਅਤਿ ਸੁੰਦਰ ਪੁਸਤਕ ਦੇਂਦਿਆਂ ਕਿਹਾ ਕਿ ਮੈਨੂੰ ਪਤਾ ਹੈ ਕਿ ਤੁਸੀਂ ਇਸ ਪੁਸਤਕ ਨੂੰ ਪੜ੍ਹਨਾ ਨਹੀਂ ਪਰ ਫਿਰ ਵੀ ਮੇਰੀ ਬੇਨਤੀ ਉਤੇ ਇਹ ਪੁਸਤਕ ਤੁਸੀਂ ਆਪਣੀ ਨਿੱਜੀ ਲਾਇਬ੍ਰੇਰੀ ਵਿਚ ਰਖ ਲੈਣੀ, ਮੈਂ ਧੰਨਵਾਦੀ ਹੋਵਾਂਗਾ।

ਉਸ ਦੀ ਨਿੰਮ੍ਰਤਾ ਅਤੇ ਪਿਆਰ ਭਰੇ ਵਤੀਰੇ ਨੂੰ ਵੇਖਦਿਆਂ

ਗਿਆਨੀ ਜੀ ਨਾਂਹ ਨਾ ਕਰ ਸਕੇ ਅਤੇ ਉਨ੍ਹਾਂ ਪੁਸਤਕ ਲੈ ਲਈ
ਥੋੜ੍ਹੀ ਦੇਰ ਮਗਰੋਂ ਉਨ੍ਹਾ ਨੇ ਉਸ ਪਾਦਰੀ ਨੂੰ ਕਿਹਾ ਕਿ ਅਸੀਂ ਇ
ਰਹਿੰਦਿਆਂ ਬਹੁਤ ਚੰਗਾ ਸਮਾਂ ਮਿਲ ਕੇ ਗੁਜ਼ਾਰਿਆ ਹੈ ਅਤੇ ਹੁ
ਵਿਛੜਨ ਲਗਿਆਂ ਮੇਰੇ ਇਕ ਪ੍ਰਸ਼ਨ ਦਾ ਉਤਰ ਜੇ ਠੀਕ ਤੇ ਸੱ
ਸੱਚ ਦੇ ਸਕੋ ਤਾਂ ਮੈਂ ਪੁਛਾਂ ?

ਪਾਦਰੀ ਨੇ ਬਚਨ ਦੇਂਦਿਆਂ ਕਿਹਾ ਕਿ ਜੇ ਮੈਨੂੰ ਪਤਾ ਹੋਇਆ
ਤਾਂ ਮੈਂ ਜ਼ਰੂਰ ਦੱਸਾਂਗਾ ।

ਗਿਆਨੀ ਜੀ ਨੇ ਪੁਛਿਆ ਕਿ ਤੁਸੀਂ ਇੰਨੇ ਦਿਨ ਮੇਰੇ ਨਾ
ਰਹਿ ਕੇ ਮੇਰੇ ਵਿਚਾਰਾਂ ਤੋਂ ਚੰਗੀ ਤਰ੍ਹਾਂ ਜਦ ਇਹ ਨੋਟ ਕਰ ਲਿ
ਹੈ ਕਿ ਮੈਂ ਆਪ ਦੇ ਧਰਮ ਦੀ ਇਹ ਪੁਸਤਕ ਨਹੀਂ ਪੜ੍ਹਾਂਗਾ, ਪ
ਫਿਰ ਵੀ ਤੁਸੀਂ ਇਤਨੀ ਮਹਿੰਗੀ ਤੇ ਸੁੰਦਰ ਪੁਸਤਕ ਮੈਨੂੰ ਕਿ
ਦਿਤੀ ਹੈ, ਜਦ ਕਿ ਇਹ ਮੇਰੇ ਕਿਸੇ ਕੰਮ ਨਹੀਂ ਆਉਣੀ ? ਅ
ਮੈਂ ਇਸ ਨੂੰ ਲੈਣ ਲਈ ਵੀ ਤਿਆਰ ਨਹੀਂ ਸੀ ?

ਪਾਦਰੀ ਪਹਿਲਾਂ ਤਾਂ ਚੁਪ ਜਿਹਾ ਹੋ ਗਿਆ ਪਰ ਕੀਤੇ ਹੋ
ਬਚਨ ਦੇ ਆਧਾਰ ਤੇ ਜੋ ਉਸਨੇ ਦਸਿਆ ਉਹ ਉਨ੍ਹਾਂ ਲੋਕਾਂ ਦੀ ਧਰ
ਪ੍ਰਚਾਰ ਦੀ ਅੰਦਰੂਨੀ ਭਾਵਨਾ ਦਾ ਇਕ ਅਦੁੱਤੀ ਨਮੂਨਾ ਹੈ ।

ਪਾਦਰੀ ਨੇ ਕਿਹਾ ! ਮਿਸਟਰ ਸਿੰਘ ! ਮੈਂ ਇਹ ਚੰਗੀ ਤਰ੍ਹ
ਜਾਣਦਾ ਹਾਂ ਅਤੇ ਮੈਨੂੰ ਪੂਰਾ ਯਕੀਨ ਹੈ ਕਿ ਤੁਸੀ ਇਹ ਮੇਰੀ ਦਿਤੀ
ਪੁਸਤਕ ਨੂੰ ਪੜ੍ਹਨਾ ਤਾਂ ਇਕ ਪਾਸੇ ਰਿਹਾ ਸ਼ਾਇਦ ਖੋਲ੍ਹ ਕੇ ਵੀ ਨ
ਵੇਖੋਗੇ। ਵਧੀਆ ਗੈੱਟ ਅੱਪ ਅਤੇ ਚੰਗੇ ਕਾਗਜ਼ ਉਤੇ ਇਸ ਮਹਿੰ
ਪੁਸਤਕ ਦੀ ਉਮਰ ਘੱਟੋ ਘੱਟ ਅਸੀਂ ਸੌ ਸਾਲ ਮਿਥੀ ਹੈ । ਤੁਸ

ਪਣੀ ਜ਼ਿੰਦਗੀ ਦੇ ਰਹਿੰਦੇ ੨੦-੩੦ ਜਾਂ ੪੦ ਸਾਲ ਪੂਰੇ ਕਰਕੇ ਦੋਂ ਇਸ ਸੰਸਾਰ ਤੋਂ ਚਲੇ ਜਾਉਗੇ ਤਾਂ ਮਗਰੋਂ ਤੁਹਾਡਾ ਲੜਕਾ ਜਾਂ ਤਾ ਜਾਂ ਕੋਈ ਹੋਰ ਘਰ ਦਾ ਜੀਅ, ਜਦ ਤੁਹਾਡੀ ਲਾਇਬ੍ਰੇਰੀ ਰੋਲੇਗਾ ਤਾਂ ਇਸ ਸੁੰਦਰ ਦਿਖ ਵਾਲੀ ਪੁਸਤਕ ਨੂੰ ਵੀ ਜ਼ਰੂਰ ਖੇਗਾ। ਦੇਖੇਗਾ ਹੀ ਨਹੀਂ ਸਗੋਂ ਮੈਨੂੰ ਪੂਰਾ ਯਕੀਨ ਹੈ ਕਿ ਇਸ ਨੂੰ ੜ੍ਹੇਗਾ ਵੀ । ਉਸ ਨੂੰ ਪੜ੍ਹਨ ਤੇ ਹਜ਼ਰਤ ਯਸੂ ਮਸੀਹ ਬਾਰੇ ਕਾਫੀ ਝ ਪਤਾ ਲਗੇਗਾ - ਬਸ ਇਤਨਾ ਹੀ ਪੜ੍ਹ ਲੈਣ ਨਾਲ ਇਸ ਪੁਸਤਕ ਮੁੱਲ ਪੂਰਾ ਹੋ ਜਾਇਗਾ, ਅਤੇ ਸਾਡੀ ਮਿਹਨਤ ਸਫਲੀ ਹੋ ਏਗੀ। ਇਹ ਹੈ ਨਿਸ਼ਾਨਾ ਤੁਹਾਨੂੰ ਪੁਸਤਕ ਦੇਣ ਦਾ ।

ਇਹ ਇਕ ਅੰਗਰੇਜ਼ ਮਿਸ਼ਨਰੀ ਦੇ ਅੰਤਰ-ਆਤਮੇ ਦੀ ਪਾਈ ਵਿਚੋਂ ਆਪਣੇ ਧਰਮ ਪ੍ਰਚਾਰ ਦੀ ਲਾਲਸਾ ਨੂੰ ਪੜ੍ਹ ਸੁਣ ਕੇ ੀਂ ਆਪਣੇ ਸਿੱਖੀ ਧਰਮ ਪ੍ਰਚਾਰ ਦੀ ਲਾਲਸਾ ਦੇ ਢੰਗ, ਧਾਰਮਕ ਥਾਨਾਂ ਦੇ ਪ੍ਰਬੰਧਕਾਂ ਅਤੇ ਧਰਮ ਪ੍ਰਚਾਰ ਦੇ ਲੇਬਲ ਵਾਲੀਆਂ ਆ ਸੁਸਾਇਟੀਆਂ ਦੀ ਸੋਚਣੀ ਅਤੇ ਭਾਵਨਾ ਨੂੰ ਵੇਖ ਕੇ ਸ਼ਰਮ ਨਾਲ ਣੀ ਪਾਣੀ ਹੋ ਜਾਈਦਾ ਹੈ ਕਿ ਅਸੀਂ ਕੀ ਕਰ ਰਹੇ ਹਾਂ ਅਤੇ ਕਿਥੇ ਹੇ ਹਾਂ ?

ਇਸ ਤਰ੍ਹਾਂ ਦੀ ਭਾਵਨਾ ਕੇਵਲ ਈਸਾਈਆਂ ਵਿਚ ਹੀ ਨਹੀਂ, ਹਨਾਂ ਧਰਮਾਂ ਵਿਚ ਵੀ ਬੜੀ ਹੈ। ਖੈਰ...। ਲੇਖ ਦੇ ਵੱਡੇ ਹੋ ਜਾਣ ਡਰ ਤੋਂ ਅੱਜ ਕੇਵਲ ਇਕ ਨੁਕਤੇ (ਪੁਆਇੰਟ) ਤੇ ਹੀ ਵਿਚਾਰ ਕਰ ਕੇ ਗੱਲ ਖਤਮ ਕਰਨੀ ਹੈ ਕਿ ਕੁਝ ਦਿਨਾਂ ਨੂੰ ਗੁਰੂ ਜਨ ਪਾਤਸ਼ਾਹ ਦਾ ਸ਼ਹੀਦੀ ਪੁਰਬ ਆ ਰਿਹਾ ਹੈ। ਹਰ ਸਾਲ ਤਰ੍ਹਾਂ ਹਰ ਛੋਟੇ ਅਤੇ ਵੱਡੇ ਸ਼ਹਿਰ ਵਿਚ ਠੰਡੇ ਮਿੱਠੇ ਪਾਣੀ ਦੀਆਂ

ਛਬੀਲਾਂ ਲੱਗਣਗੀਆਂ। ੧੯੯੬ ਦੇ ਸ਼ਹੀਦੀ ਪੁਰਬ ਸਮੇਂ ਸਰਵੇਖਣ ਦੇ ਆਧਾਰ ਤੇ ਕੇਵਲ ਦਿੱਲੀ ਸ਼ਹਿਰ ਵਿਚ ਹੀ ੧੩੦ ਤੋਂ ਵੱਧ ਠੰਡੇ ਮਿੱਠੇ ਪਾਣੀ ਦੀਆਂ ਛਬੀਲਾਂ ਲਾਈਆਂ ਗਈਆਂ ਸ ਜਿਨ੍ਹਾਂ ਵਿਚ ਦੁੱਧ, ਖੰਡ, ਬਰਫ, ਸ਼ਾਮਿਆਨੇ ਦੇ ਖਰਚੇ ਦਾ ਅਨੁਮ ਉਸ ਸਮੇਂ ੨੫ ਲੱਖ ਰੁਪਏ ਤੋਂ ਵੱਧ ਹੀ ਹੋਇਆ ਸੀ ।ਅੱਜ ੬ ਸਾ ਮਗਰੋਂ ਇਹ ਖਰਚ ਦੁਗਣਾ ਹੋ ਗਿਆ ਹੋਵੇਗਾ।

ਧਰਮ ਪ੍ਰਚਾਰ ਦੀ ਦ੍ਰਿਸ਼ਟੀਕੋਣ ਤੋਂ ਨਿਰਪੱਖ ਹੋ ਕੇ ਜ਼ ਵੀਚਾਰ ਕੀਤਾ ਜਾਏ ਤਾਂ ਥੋੜ੍ਹੀ ਜਿਹੀ ਸਮਝ ਰਖਣ ਵਾਲਾ ਵੀ ਅੰਦਾਜ਼ਾ ਲਾ ਸਕਦਾ ਹੈ ਕਿ ਇਸ ਇਕ ਸ਼ਹਿਰ ਵਿਚ ਇਕ ਦਿ ਦੀ ਖਰਚ ਹੋਈ ਇਤਨੀ ਵੱਡੀ ਰਕਮ ਨਾਲ ਧਰਮ ਪ੍ਰਚਾਰ ਕਿਤ ਅਤੇ ਕੀ ਹੋਇਆ ਹੋਵੇਗਾ ?

ਇਹ ਖਰਚ ਕੇਵਲ ਇਕ ਸ਼ਹਿਰ ਦਾ ਹੈ। ਹਰ ਛੋਟੇ ਵੱਡੇ ਸ਼ਹਿ ਵਿਚ ਹਰ ਸਾਲ ਇਸ ਤਰ੍ਹਾਂ ਲੱਖਾਂ ਕਰੋੜਾਂ ਰੁਪਏ ਖਰਚ ਹੁੰਦੇ ਹ ਅਤੇ ਕਈ ਸਾਲਾਂ ਤੋਂ ਹੁੰਦੇ ਚਲੇ ਆ ਰਹੇ ਹਨ ।

ਅਸੀਂ ਇਹ ਨਹੀਂ ਕਹਿੰਦੇ ਕਿ ਇਹ ਛਬੀਲਾਂ ਨਹੀਂ ਲਗਣੀ ਚਾਹੀਦੀਆਂ। ਜਾਂ ਇਹ ਕਿਉਂ ਲਗਾਈਆਂ ਜਾਂਦੀਆਂ ਹਨ। ਅਸ ਤਾਂ ਪਿਛਲੇ ਕਈ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਇਕ ਗਲ ਪਾਠਕ ਨਾਲ ਇਹ ਸਾਂਝੀ ਕਰਨਾ ਚਾਹੁੰਦੇ ਹਾਂ ਤੇ ਪੁਛਦੇ ਹਾਂ ਕਿ ਛਬੀਲ ਉ ਖਰਚ ਕੀਤੇ ਜਾਣ ਵਾਲੇ ਲੱਖਾਂ ਕਰੋੜਾਂ ਰੁਪਏ ਵਿਚੋਂ ਜੇ ਅੱਧੇ ਪੈਸਿਆ ਦਾ ਧਾਰਮਕ ਲਿਟਰੇਚਰ ਜਾਂ ਕੇਵਲ ਗੁਰੂ ਅਰਜਨ ਪਾਤਸ਼ਾਹ ਜੀਵਨ ਦਾ ਕੋਈ ਇਕ ਉਪਦੇਸ਼ ਜਾਂ ਉਨ੍ਹਾਂ ਦੀ ਸ਼ਹੀਦੀ ਬਾ

ਵਾਰਤਾ ਹੀ ਪੰਜਾਬੀ ਹਿੰਦੀ, ਅੰਗਰੇਜ਼ੀ ਆਦਿ ਬੋਲੀ ਵਿਚ ਛਾਪ ਕੇ ਜਾਂ ਛਪਿਆ ਛਪਾਇਆ ਲਿਟਰੇਚਰ ਖਰੀਦ ਕੇ ਇਸ ਦਿਨ ਵੰਡਿਆ ਜਾਏ ਤਾਂ ਕੀ ਇਹ ਖਰਚ ਕੀਤਾ ਪੈਸਾ ਛਬੀਲ ਨਾਲੋਂ ਜ਼ਿਆਦਾ ਲਾਭਕਾਰੀ ਸਿੱਧ ਨਹੀਂ ਹੋ ਸਕਦਾ ?

ਗੁਰਬਾਣੀ ਵਿਚ ਵੀ ਲਿਖਿਆ ਹੋਇਆ ਹੈ:-

"ਅਕਲੀ ਕੀਚੈ ਦਾਨ"

ਦਾਨ ਜੋ ਕਰਨਾ ਹੈ ਉਹ ਅਕਲ ਨਾਲ, ਵੀਚਾਰ ਨਾਲ ਗੁਰਮਤਿ ਦੀ ਅਗਵਾਈ ਵਿਚ ਹੀ ਕਰਨਾ ਠੀਕ ਹੁੰਦਾ ਹੈ ।

ਗੁਰੂ ਪਾਤਸ਼ਾਹ ਦੇ ਉਪਕਾਰ ਦਾ, ਉਨ੍ਹਾਂ ਦੀ ਮਹਾਨ ਸ਼ਹੀਦੀ ਜਿਨਾਂ ਕਾਰਨਾਂ ਕਰਕੇ ਹੋਈ, ਉਨ੍ਹਾਂ ਦੀ ਜਾਣਕਾਰੀ ਦੇਣੀ (ਲਿਟ-ਰੇਚਰ ਰਾਹੀਂ) ਕੀ ਇਨ੍ਹਾਂ ਛਬੀਲਾਂ ਨਾਲੋਂ ਕਈ ਗੁਣਾਂ ਵੱਧ ਲਾਭਦਾਇਕ ਅਤੇ ਦੇਰ ਤਕ ਰਹਿਣ ਵਾਲਾ ਅਤੇ ਉਸਦਾ ਅਸਰ ਦੂਰ ਤਕ ਪੁਜਣ ਵਾਲਾ ਨਹੀਂ ਹੁੰਦਾ?

ਪ੍ਰਤੱਖ ਨੂੰ ਪ੍ਰਮਾਣ ਦੇਣ ਦੀ ਲੋੜ ਨਹੀਂ ਹੁੰਦੀ । ਗੁਰੂ ਮਹਾਰਾਜ ਨੂੰ ਸ਼ਹੀਦ ਹੋਇਆਂ ੩੯੬ ਸਾਲ ਹੋ ਗਏ ਹਨ ਪਰ ਕਿਤਨੇ ਦੁੱਖ ਦੀ ਗੱਲ ਹੈ ਕਿ ਸਾਡੇ ਵਿਚੋਂ ਅੱਧੇ ਨਾਲੋਂ ਵੱਧ ਸਿੱਖ ਅਖਵਾਉਣ ਵਾਲਿਆਂ ਨੂੰ ਹੀ ਅੱਜ ਤਕ ਗੁਰੂ ਮਹਾਰਾਜ ਜੀ ਦੇ ਉਪਕਾਰਾਂ ਅਤੇ ਸ਼ਹੀਦੀ ਦੇ ਕਾਰਨਾਂ ਦਾ ਹੀ ਠੀਕ ਪਤਾ ਨਹੀਂ। ਹਾਲਾਂ ਕਿ ਹਰ ਸਾਲ ਅਸੀਂ ਗੁਰਪੁਰਬ ਮਨਾਉਂਦੇ ਅਤੇ ਛਬੀਲਾਂ ਲਾਉਂਦੇ ਹਾਂ, ਲੰਗਰ ਲਾਉਂਦੇ ਹਾਂ ।

ਸਿੱਖ ਧਰਮ ਦੇ ਸਰਲ-ਸਾਦੇ ਅਸੂਲਾਂ ਬਾਰੇ ਅਸੀਂ ਦੂਸਰਿਆਂ ਨੂੰ ਕੀ ਦਸਣਾ ਸੀ, ਆਪਣਿਆਂ ਨੂੰ, ਆਪਣੇ ਸਿੱਖ ਭਾਈਚਾਰੇ ਵਿਚੋਂ ਬਹੁਤੀ ਗਿਣਤੀ ਨੂੰ ਮੁਢਲੇ ਜ਼ਰੂਰੀ ਧਾਰਮਕ ਸਿਧਾਂਤਾਂ ਦੀ ਜਾਣਕਾਰੀ ਹੀ ਅਸੀਂ ਅੱਜ ਤਕ ਨਹੀਂ ਦੇ ਸਕੇ । ਜਦ ਅਸੀਂ ਗੁਰੂ ਪਾਤਸ਼ਾਹ ਦੀ ਸ਼ਹੀਦੀ ਦੀ ਠੀਕ ਵਾਰਤਾ ਵੀ ਸਭ ਤਕ ਪਹੁੰਚਾ ਨਹੀਂ ਸਕੇ ਤਾਂ ਦੱਸੋ ਕਿਥੇ ਹੈ ਅਤੇ ਕਿਹੋ ਜਿਹਾ ਹੈ ਸਾਡਾ ਧਰਮ ਪ੍ਰਚਾਰ ? ਅਤੇ ਅਸੀਂ ਦਾਨ ਕਿੰਨਾ ਕੰਮਾਂ ਉਤੇ ਖਰਚ ਕਰੀ ਜਾ ਰਹੇ ਹਾਂ?

ਪਿਛਲੇ ਪੰਜ ਵਾਰ ਹਰ ਸਾਲ ਦੀ ਤਰ੍ਹਾਂ ਐਤਕੀਂ ਵੀ ਦਾ। ਪੰਦਰਾਂ ਹਜ਼ਾਰ ਟ੍ਰੈਕਟਾਂ ਰਾਹੀਂ ਪਹਿਲੀ ਉਪ੍ਰੋਕਤ ਬੇਨਤੀ ਦੇ ਨਾਲ ਇਹ ਬੇਨਤੀ ਵੀ ਕੀਤੀ ਜਾਂਦੀ ਹੈ ਕਿ ਕੋਈ ਗੁਰੂ ਪਿਆਰਾ, ਇਤਿਹਾਸ ਦਾ ਖੋਜੀ, ਜਿਥੇ ਇਹ ਦਰਸਾਉਣ ਦੀ ਖੇਚਲ ਕਰੇ ਕਿ ਇਸ ਤਰ੍ਹਾਂ ਦੀਆਂ ਛਬੀਲਾਂ ਦਾ ਅਰੰਭ ਕਿਵੇਂ, ਕਦੋਂ ਅਤੇ ਕਿਸ ਆਸ਼ੇ ਨੂੰ ਮੁੱਖ ਰਖ ਕੇ ਹੋਇਆ, ਉਥੇ ਕਿਸੇ ਇਤਿਹਾਸਕ ਹਵਾਲੇ ਨਾਲ ਕੋਈ ਦੱਸਣ ਦੀ ਕਿਰਪਾ ਕਰੇ ਕਿ :-

(੧) ਪੰਜਵੇਂ ਪਾਤਸ਼ਾਹ ਦੇ ਸਪੁੱਤਰ ਅਤੇ ਸਾਡੇ ਛੇਵੇਂ ਗੁਰੂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜੋ ੩੮ ਸਾਲ ਗੁਰਗੱਦੀ ਉਤੇ ਬਿਰਾਜਮਾਨ ਰਹੇ, ਉਨ੍ਹਾਂ ਨੇ ਇਸ ਸ਼ਹੀਦੀ ਪੁਰਬ ਉਤੇ ਕਦੀ ਠੰਡੇ -ਮਿੱਠੇ ਪਾਣੀ ਦੀ ਉਚੇਚੇ ਛਬੀਲ ਲਗਵਾਈ ਹੋਵੇ, ਉਸਦਾ ਵਰਨਣ ਕੀ ਕਿਸੇ ਇਤਿਹਾਸ ਵਿਚ ਮਿਲਦਾ ਹੈ?

(੨) ਸਤਵੇਂ, ਅੱਠਵੇਂ, ਨੌਵੇਂ ਅਤੇ ਦਸਵੇਂ ਪਾਤਸ਼ਾਹ ਦੇ ਕਿਸੇ ਇਤਿਹਾਸ ਵਿਚ ਇਸ ਦਿਨ ਉਚੇਚੇ ਠੰਡੀ-ਮਿੱਠੀ ਛਬੀਲ ਦਾ ਕੀ ਕੋਈ ਜ਼ਿਕਰ ਕਿਧਰੇ ਆਉਂਦਾ ਹੈ?

(੩) ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਸ ਸ਼ਹੀਦੀ ਪੁਰਬ ਉਤੇ ਇਸ ਤਰ੍ਹਾਂ ਦੀ ਛਬੀਲ ਦਾ ਜੇ ਕੋਈ ਪ੍ਰਮਾਣਿਕ ਜ਼ਿਕਰ ਮਿਲਦਾ ਹੈ ਤਾਂ ਸੇਵਕਾਂ ਨੂੰ ਦਰਸਾਉਣ ਦਾ ਉਪਕਾਰ ਜ਼ਰੂਰ ਕੀਤਾ ਜਾਏ । ਪਰ ਅੱਜ ਤੱਕ ਕਿਸੇ ਵਲੋਂ ਵੀ ਕੋਈ ਜਾਣਕਾਰੀ ਨਹੀਂ ਮਿਲੀ। ਅਸੀਂ ਆਪ ਵੀ ਕਈ ਇਤਿਹਾਸਕਾਰਾਂ ਦੀਆਂ ਲਿਖਤਾਂ ਵੇਖੀਆਂ ਹਨ ਪਰ ਕਿਧਰੇ ਵੀ ਇਸ ਦਾ ਜ਼ਿਕਰ ਨਹੀਂ ਮਿਲਿਆ ।

ਹੁਣ ਗੱਲ ਨਿਰੀ ਛਬੀਲ ਤਕ ਹੀ ਸੀਮਤ ਨਹੀਂ ਰਹੀ, ਹੁਣ ਤਾਂ ਕਈ ਸ਼ਹਿਰਾਂ ਵਿਚ ਇਸ ਦਿਨ ਇਕੋ ਬਾਜ਼ਾਰ ਵਿਚ ਕਿਧਰੇ ਚਾਹ, ਕਿਧਰੇ ਛੋਲੇ (ਘੁੰਗਣੀਆਂ) ਕਿਧਰੇ ਰੰਗ-ਬਰੰਗੇ ਹਲਵੇ, ਰੂਹ-ਅਫਜ਼ਾ ਦੇ ਸ਼ਰਬਤ ਅਤੇ ਕਈ ਹੋਰ ਪਦਾਰਥ ਲੱਖਾਂ ਰੁਪਏ (ਲੰਗਰ ਤੋਂ ਇਲਾਵਾ) ਖਰਚ ਕਰਕੇ ਨਗਰ ਕੀਰਤਨ ਦੇ ਰਸਤੇ ਅਤੇ ਬਾਜ਼ਾਰਾਂ ਵਿਚ ਵੰਡੇ ਵੰਡਾਏ ਜਾਂਦੇ ਹਨ ਅਤੇ ਖਾਧੇ ਖਿਲਾਏ ਜਾਂਦੇ ਹਨ।

## ਜ਼ਰਾ ਸੋਚੀਏ

ਗੁਰੂ ਮਹਾਰਾਜ ਨੇ ਕਿਹਾ ਹੈ, "ਗਰੀਬ ਦਾ ਮੂੰਹ ਗੁਰੂ ਕੀ ਗੋਲਕ ਹੈ"। ਇਸ ਤਰ੍ਹਾਂ ਭੁੱਖਿਆਂ, ਗਰੀਬਾਂ, ਦੁਖੀਆਂ ਲੋੜਵੰਦਾਂ ਨੂੰ ਛਕਾਉਣਾ ਤਾਂ ਬਹੁਤ ਚੰਗਾ ਤੇ ਜ਼ਰੂਰੀ ਹੈ ਜਾ ਫਿਰ ਜ਼ਾਤ-ਕੌਮ-ਬਿਰਾਦਰੀ ਅਤੇ ਵੱਡੇ ਛੋਟੇ ਹੋਣ ਦੇ ਵਿਤਕਰੇ ਨੂੰ ਖਤਮ ਕਰਨ ਲਈ ਸਾਂਝੀ ਪੰਗਤ ਵਿਚ ਬਿਠਾ ਕੇ ਸ਼ਰਧਾ ਪਿਆਰ ਨਾਲ ਛਕਾਉਣਾ ਹੋਰ ਗੱਲ ਹੁੰਦੀ ਹੈ। ਪਰ ਰਜਿਆਂ-ਪੁਜਿਆਂ, ਰਾਹ ਜਾਂਦਿਆਂ ਨੂੰ ਖੁਆਉਣਾ ਪਿਆਉਣਾ, ਭਰੇ ਉਤੇ ਹੋਰ ਭਰਨਾ ਅਤੇ ਬਿਨਾਂ ਲੋੜਵੰਦਾਂ ਨੂੰ ਜ਼ਬਰਦਸਤੀ ਛਕਾਉਣਾ ਅਤੇ ਲੱਸੀਆਂ ਸ਼ਰਬਤ

ਪਿਲਾਉਣ ਉਤੇ ਹੀ ਹਜ਼ਾਰਾਂ-ਲੱਖਾਂ ਖਰਚ ਕਰ ਦੇਣੇ ਕਿਥੋਂ ਦੀ ਸਿਆਣਪ ਹੈ? ਜ਼ਰਾ ਸੋਚੀਏ !

ਸ਼ਹਿਰੀਆਂ ਨੂੰ ਇਸ ਤਰ੍ਹਾਂ ਕਰਦਿਆਂ ਵੇਖ ਪਿੰਡਾਂ ਵਾਲੇ ਵੀ ਹੁਣ ਇਸ ਤਰ੍ਹਾਂ ਕਰਦੇ ਹਨ । ਇਕ ਥਾਂ ਤੋਂ ਦੂਜੀ ਥਾਂ ਜਾਣ ਵਾਲੀ ਇਕ ਸੜਕ ਉਤੇ ਹੀ ਕਈ ਕਈ ਛਬੀਲਾਂ ਲਗੀਆਂ ਹੁੰਦੀਆਂ ਹਨ ਅਤੇ ਉਹ ਸ਼ਰਧਾਲੂ ਬੱਸਾਂ-ਟਰਾਲੀਆਂ, ਸਾਈਕਲਾਂ ਵਾਲਿਆਂ ਨੂੰ ਜ਼ਬਰਦਸਤੀ ਰੋਕ-ਰੋਕ ਕੇ ਲੰਗਰ ਅਤੇ ਲੱਸੀਆਂ ਛਕਾਉਣ ਲਈ ਮਜਬੂਰ ਕਰਦਿਆਂ ਉਨ੍ਹਾਂ ਅੰਦਰੋਂ ਜੋ ਸ਼ਰਧਾ ਅਤੇ ਪਿਆਰ ਪ੍ਰਗਟ ਹੁੰਦਾ ਹੈ ਉਸ ਤੋਂ ਸਦਕੇ ਜਾਈਏ, ਬਲਿਹਾਰ ਜਾਈਏ । ਪਰ ਵੀਚਾਰੀਏ ਕਿ ਇਕ ਸੜਕ ਤੇ ਸਫਰ ਕਰਨ ਵਾਲਾ ਮੁਸਾਫਰ ਕਿਤਨਾ ਕੁ ਖਾ ਪੀ ਸਕਦਾ ਹੈ ਜਦ ਕਿ ਹਰ ਕੋਈ ਸਫਰ ਕਰਨ ਤੋਂ ਪਹਿਲਾਂ ਘਰੋਂ ਖਾ ਪੀ ਕੇ ਹੀ ਤੁਰਦਾ ਹੈ ।

ਇਨ੍ਹਾਂ ਦਿਨਾਂ 'ਚ ਇਕ ਵੇਰ ਸੇਵਕ ਨੂੰ ਪਟਿਆਲੇ ਤੋਂ ਸਰਹੰਦ (੧੭ ਕੁ ਮੀਲ) ਸਫਰ ਕਰਨਾ ਪਿਆ । ਰਸਤੇ ਵਿਚ ਵੱਖ ਵੱਖ ੮ ਥਾਵਾਂ ਉਤੇ ਲੰਗਰ ਛਕਾਉਣ ਲਈ ਬੱਸ ਨੂੰ ਰੋਕਿਆ ਗਿਆ । ਕਈਆਂ ਨੇ ਇਕ ਥਾਂ ਕਈਆਂ ਨੇ ਦੂਜੀ ਥਾਂ ਪ੍ਰਸ਼ਾਦ ਮਾਤਰ ਥੋੜ੍ਹਾ ਬਹੁਤਾ ਲੰਗਰ ਲੈ ਲਿਆ ਪਰ ਬਾਕੀ ਛੇ ਥਾਵਾਂ ਉਤੇ ਉਨ੍ਹਾਂ ਲੰਗਰ ਵਾਲਿਆਂ ਨੂੰ ਮਜਬੂਰਨ ਸਵਾਰੀਆਂ ਨੇ ਲੰਗਰ ਨਾ ਲੈ ਕੇ ਨਿਰਾਸ਼ ਹੀ ਕੀਤਾ ।

ਸੋਚੀਏ ! ਜਿਤਨਾ ਧਨ, ਜਿਤਨੀ ਸ਼ਕਤੀ ਅਤੇ ਸਮਾਂ ਇਸ ਇਕ ਕਾਰਜ ਉਤੇ ਲਗਦਾ ਹੈ ਉਸ ਦੇ ਬਦਲੇ ਵਿਚ ਕੀ ਉਤਨਾ ਫਲ ਤੇ ਲਾਭ ਹੁੰਦਾ ਹੈ? ਵਿਚਾਰਨ ਯੋਗ ਜ਼ਰੂਰੀ ਗੱਲ ਹੈ?

ਸਾਡੇ ਗੁਰਦੁਆਰੇ ਸਾਡੇ ਧਰਮ ਪ੍ਰਚਾਰ ਦੇ ਸੋਮੇ ਮੰਨੇ ਗਏ ਹਨ ਜਿਥੋਂ ਦੇ ਧਰਮ ਪ੍ਰਚਾਰ ਨਾਲ ਹੀ ਸਿੱਖੀ ਦੀ ਕਾਇਆ-ਕਲਪ ਹੋਣੀ ਹੈ। ਜਦ ਉਥੋਂ ਦੇ ਪ੍ਰਬੰਧਕਾਂ ਨੂੰ ਧਰਮ ਅਤੇ ਧਰਮ ਪ੍ਰਚਾਰ ਦੀ ਮਹਾਨਤਾ ਦਾ ਹੀ ਪਤਾ ਨਾ ਹੋਵੇ ਤਾਂ ਇਸ ਦਾ ਕਸੂਰਵਾਰ ਕੌਣ ਹੈ?

**ਉਦਾਹਰਣ ਵਜੋਂ ਵੇਖੋ** – ਇਕ ਜ਼ਿਲਾ ਹੈਡਕੁਆਰਟਰ ਦੇ ਸਭ ਤੋਂ ਵੱਡੇ ਸਿੰਘ ਸਭਾ ਦੇ ਗੁਰਦੁਆਰੇ, ਇਸ ਸ਼ਹੀਦੀ ਦਿਨ ਨੂੰ ਰਾਤ ਸਮੇਂ ਜਦ ਬਿਜਲੀ ਦੀ ਰੌਸ਼ਨੀ (ਆਤਸ਼ਬਾਜ਼ੀ) ਤੇ ਸਜਾਵਟ ਵੇਖ ਕੇ ਹੈਰਾਨੀ ਨਾਲ ਪ੍ਰਧਾਨ ਸਾਹਿਬ ਤੋਂ ਇਸ ਦਾ ਕਾਰਨ ਪੁਛਿਆ ਗਿਆ ਤਾਂ ਉਤਰ ਮਿਲਿਆ, "ਅੱਜ ਕੀ ਗੁਰਪੁਰਬ ਨਹੀਂ? ਅਸੀਂ ਪਿਛਲੇ ਗੁਰਪੁਰਬ ਨਾਲੋਂ ਐਤਕੀਂ ਵੱਧ ਸ਼ਾਨੋ-ਸ਼ੌਕਤ ਦਿਖਾਉਣੀ ਹੈ? (ਕਿਉਂਕਿ ਪਿਛਲੇ ਗੁਰਪੁਰਬ ਸਮੇਂ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਹੋਰ ਸੀ)।

ਇਹ ਹੈ ਸਾਡੇ ਧਰਮ ਅਸਥਾਨਾਂ ਦੇ ਬਹੁਤੇ ਪ੍ਰਬੰਧਕਾਂ ਦੀ ਸੋਚਣੀ ਦਾ ਇਕ ਨਮੂਨਾ : ਜਿਸ ਨੂੰ ਵੇਖ ਸੁਣ ਕੇ ਰੋਣਾ ਆਉਂਦਾ ਹੈ ਕਿ ਅੱਜ ਅਸੀਂ ਕਿਥੇ ਖੜ੍ਹੇ ਹਾਂ। ਇਕ ਸ਼ਹਿਰ ਵਿਚ ਪੜ੍ਹੇ ਲਿਖੇ ਸਿੱਖਾਂ ਦੀਆਂ ਵੋਟਾਂ ਨਾਲ ਚੁਣੇ ਹੋਏ ਇਕ ਪ੍ਰਧਾਨ, ਜਿਸ ਨੂੰ ਧਰਮ ਨਾਲੋਂ ਧੜੇ ਦਾ ਫਿਕਰ ਹੋਵੇ ਅਤੇ ਉਸ ਨੂੰ ਗੁਰੂ ਦੇ ਆਗਮਨ ਪੁਰਬ ਅਤੇ ਸ਼ਹੀਦੀ ਪੁਰਬ ਦਾ ਫਰਕ ਹੀ ਨਹੀਂ ਪਤਾ ਤਾਂ ਦਸੋ ਸਾਡੇ ਪਿੰਡਾਂ ਵਿਚ, ਜਿਥੇ ਸਿੱਖ ਵਸੋਂ ਅਧਿਕ ਵਸਦੀ ਹੈ, ਉਥੇ ਸਿੱਖੀ ਅਸੂਲਾਂ ਬਾਰੇ ਕੀ ਜਾਣਕਾਰੀ ਹੋ ਸਕਦੀ ਹੈ ਅਤੇ ਸਿੱਖੀ ਜੀਵਨ-ਜਾਚ ਕਿਥੋਂ ਸਿਖੀ ਸਿਖਾਈ ਜਾਏਗੀ ?

## ਆਓ ! ਜ਼ਰਾ ਹੋਰ ਸੋਚੀਏ !!

ਦੂਜੇ ਧਰਮਾਂ ਵਾਲੇ ਲੱਖਾਂ ਕਰੋੜਾਂ ਰੁਪਏ ਦਾ ਆਪਣਾ ਧਾਰਮਕ ਲਿਟਰੇਚਰ ਵੱਖ-ਵੱਖ ਬੋਲੀਆਂ ਵਿਚ ਦੂਰ ਨੇੜੇ ਫਰੀ ਵੰਡਦੇ ਚਲੇ ਆ ਰਹੇ ਹਨ ।ਅਤੇ ਲੋਕਾਂ ਨੂੰ ਪ੍ਰਭਾਵਿਤ ਕਰ ਰਹੇ ਹਨ !ਪਰ ਇਧਰ ਸਾਡਾ ਇਕ ਚੰਗਾ ਨਿਤਨੇਮ ਦਾ ਗੁਟਕਾ, ਚੰਗੇ ਕਾਗਜ਼ ਅਤੇ ਠੀਕ ਛਪਾਈ ਵਾਲਾ ਅੱਠ-ਦਸ ਰੁਪਏ ਤੋਂ ਘੱਟ ਨਹੀਂ ਮਿਲਦਾ । ਅਤੇ ਉਹ ਵੀ ਹਰ ਸ਼ਹਿਰ ਵਿਚ ਆਮ ਨਹੀਂ ਮਿਲ ਸਕਦਾ । ਆਮ ਬਾਜ਼ਾਰਾਂ ਵਿਚ ਮਿਲਣ ਵਾਲੇ ਗੁਟਕਿਆਂ ਦਾ ਕਾਗਜ਼ ਜਿਥੇ ਬੜਾ ਘਟੀਆ ਹੁੰਦਾ ਹੈ ਉਥੇ ਉਨ੍ਹਾਂ ਵਿਚ ਗਲਤੀਆਂ ਵੀ ਬੜੀਆਂ ਹੁੰਦੀਆਂ ਹਨ ਜਿਨ੍ਹਾਂ ਬਾਰੇ ਆਮ ਲੋਕਾਂ ਨੂੰ ਪਤਾ ਹੀ ਨਹੀਂ ਹੁੰਦਾ।

ਆਮ ਦੁਕਾਨਦਾਰ ਹੋਰ ਚੀਜ਼ਾਂ ਦੀ ਤਰ੍ਹਾਂ ਗੁਟਕੇ ਵੀ ਉਹੋ ਵੇਚਦਾ ਹੈ ਜਿਸ ਵਿਚ ਕਮਿਸ਼ਨ ਉਸ ਨੂੰ ਜ਼ਿਆਦਾ ਮਿਲਦਾ ਹੈ - ਪਰ ਸ਼੍ਰੋਮਣੀ ਕਮੇਟੀ ਜਾਂ ਸਿੱਖ ਮਿਸ਼ਨਰੀ ਵਾਲਿਆਂ ਦੇ ਗੁਟਕਿਆਂ ਉਤੇ ਕਮਿਸ਼ਨ ਨਹੀਂ ਮਿਲਦਾ ਜਾਂ ਨਾਮ ਮਾਤਰ ਹੀ ਮਿਲਦਾ ਹੈ ਜਿਸ ਕਰਕੇ ਆਮ ਦੁਕਾਨਦਾਰ ਉਹ ਨਾ ਮੰਗਾਂਦੇ ਹਨ ਅਤੇ ਨਾ ਹੀ ਵੇਚਦੇ ਹਨ- ਇਹੋ ਕਾਰਨ ਹੈ ਕਿ ਸਾਡੇ ਆਮ ਲੋਕਾਂ ਨੂੰ ਸ਼ੁਧ ਬਾਣੀ ਵੀ ਪੜ੍ਹਨ ਨੂੰ ਨਹੀਂ ਮਿਲਦੀ ।

ਦਸਵੰਧ ਕੱਢਣ ਵਾਲੇ ਵੀਰ ਜਾਂ ਨਗਰ ਕੀਰਤਨ ਸਮੇਂ ਛਬੀਲਾਂ ਲਾਉਣ ਵਾਲੇ ਜੇ ਗੁਰਪੁਰਬਾਂ ਉਤੇ ਹੀ ਇਹ ਗੁਟਕੇ ਮੁਫਤ ਜਾਂ ਅੱਧੇ ਮੁੱਲ ਉਤੇ ਸੰਗਤਾਂ ਵਿਚ ਖਾਸ ਕਰਕੇ ਪਿੰਡਾਂ ਨਗਰਾਂ ਵਿਚ ਵੰਡਣ ਵੰਡਾਉਣ ਦਾ ਉਪਕਾਰ ਕਰ ਸਕਣ ਤਾਂ ਕੌਮ ਦੀ ਨਿਗਰ

ਤੇ ਮਹਾਨ ਸੇਵਾ ਹੋ ਸਕਦੀ ਹੈ।

## ਇਹ ਗਲ ਨਵੀਂ ਨਹੀਂ

ਦਸਮ ਪਾਤਸ਼ਾਹ ਜੀ ਦੇ ਇਤਿਹਾਸ ਵਿਚ ਵੀ ਜ਼ਿਕਰ ਆਉਂਦਾ ਹੈ ਕਿ ਉਨ੍ਹਾਂ ਦੇ ਆਗਮਨ ਪੂਰਬ ਉਤੇ ਸੰਗਤਾਂ ਦੂਰ ਨੇੜਿਓਂ ਅਨੇਕਾਂ ਤਰ੍ਹਾਂ ਦੀਆਂ ਵਸਤਾਂ ਤਿਆਰ ਕਰਕੇ ਗੁਰੂ ਪਾਤਸ਼ਾਹ ਦੇ ਹਜ਼ੂਰ ਭੇਟ ਕਰਦੀਆਂ ਹੁੰਦੀਆਂ ਸਨ ਤੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰਦੀਆਂ ਹੁੰਦੀਆਂ ਸਨ। ਪਰ ਜੋ ਸੱਜਣ ਗੁਰਬਾਣੀ ਦੀਆਂ ਪੋਥੀਆਂ ਗੁਟਕੇ ਆਦਿ ਆਪ ਲਿਖ ਕੇ ਜਾਂ ਚੰਗੇ ਲਿਖਾਰੀਆਂ ਤੋਂ ਲਿਖਵਾ ਕੇ ਉਸ ਆਗਮਨ ਦਿਵਸ ਉਤੇ ਸਾਹਿਬਾਂ ਦੇ ਹਜ਼ੂਰ ਵੰਡਣ ਲਈ ਭੇਟਾ ਕਰਦੇ ਹੁੰਦੇ ਸਨ, ਗੁਰੂ ਪਾਤਸ਼ਾਹ ਦੀ ਅਧਿਕ ਖੁਸ਼ੀ ਦੇ ਪਾਤਰ ਬਣਦੇ ਸਨ। (ਯਾਦ ਰਹੇ ਉਸ ਸਮੇਂ ਪ੍ਰੈਸ (ਛਾਪਾਖਾਨਾ) ਨਹੀਂ ਸੀ ਹੁੰਦੀ ਤੇ ਹੱਥ ਲਿਖਤਾਂ ਵਾਲੇ ਹੀ ਗੁਟਕੇ ਤੇ ਪੋਥੀਆਂ ਪ੍ਰਚਲਤ ਸਨ) ਸੋ ਲੋਕਲ ਗੁਰਦੁਆਰਾ ਕਮੇਟੀਆਂ ਤੇ ਧਾਰਮਕ ਸਭਾ ਸੁਸਾਇਟੀਆਂ ਇਹ ਸੇਵਾ ਤੇ ਪ੍ਰਚਾਰ ਦਾ ਕੰਮ ਬੜੀ ਆਸਾਨੀ ਨਾਲ ਕਰ ਸਕਦੀਆਂ ਹਨ।

ਜੇ ਹੋਰ ਸਮੇਂ ਨਹੀਂ ਹੋ ਸਕਦਾ ਤਾਂ ਕੇਵਲ ਗੁਰਪੁਰਬਾਂ ਅਤੇ ਨਗਰ ਕੀਰਤਨ ਸਮੇਂ ਹੀ ਜੇ 'ਸਿੱਖ ਰਹਿਤ ਮਰਿਯਾਦਾ' ਜਾਂ ਸਿੱਖ ਧਰਮ ਦੇ ਮੁਢਲੇ ਸਿਧਾਂਤਾਂ ਜਾਂ ਵੱਖ-ਵੱਖ ਗੁਰੂ ਪਾਤਸ਼ਾਹੀਆਂ ਦੀਆਂ ਜੀਵਨੀਆਂ ਹੀ ਥੋੜ੍ਹੀਆਂ ਥੋੜ੍ਹੀਆਂ ਖਰੀਦ ਕੇ ਵੰਡਣੀਆਂ ਸ਼ੁਰੂ ਕਰ ਦਿਤੀਆਂ ਜਾਣ ਤਾਂ ਸਾਡੇ ਵਿਚ ਆਈ ਬਿਪਰਨ ਦੀ ਰੀਤ ਜਿਥੇ

ਘਟੇਗੀ ਉਥੇ ਗੁਰੂ ਘਰ ਵਿਚ ਖੰਡਨ ਕੀਤੇ ਕਰਮ ਕਾਂਡਾਂ ਬਾਰੇ ਸੋਝੀ ਵੀ ਸੰਗਤਾਂ ਨੂੰ ਮਿਲੇਗੀ। ਇਸ ਤਰ੍ਹਾਂ ਸਾਡੀ ਖਰਚ ਕੀਤੀ ਮਾਇਆ ਜ਼ਰੂਰ ਸਫਲੀ ਹੋਏਗੀ। ਤੇ ਪ੍ਰਚਾਰ ਵਿਚ ਵੀ ਵਾਧਾ ਹੋਵੇਗਾ ।

ਜ਼ਰਾ ਧਰਮ ਪ੍ਰਚਾਰ ਦੀ ਦ੍ਰਿਸ਼ਟੀਕੋਣ ਨਾਲ ਨਿਰਪੱਖ ਹੋ ਕੇ ਵੇਖੋ ! ਸਾਡੇ ਗਲੀ ਗਲੀ, ਪਿੰਡ ਪਿੰਡ ਬਣੇ ਗੁਰਦੁਆਰੇ ਵਿਚ ਉਤਨੀ ਗਿਣਤੀ ਗੁਰਪੁਰਬਾਂ ਜਾਂ ਦਿਨ ਦਿਹਾਰਾਂ ਉਤੇ ਵੀ ਨਹੀਂ ਹੁੰਦੀ ਜਿਤਨੀ ਦੇਹਧਾਰੀ ਗੁਰੂਆਂ ਨੂੰ ਮੰਨਣ ਵਾਲਿਆਂ ਦੇ ਡੇਰਿਆਂ ਦੇ ਹਫ਼ਤਾਵਾਰੀ "ਸਤਸੰਗਾਂ" ਵਿਚ ਹੁੰਦੀ ਹੈ ਅਤੇ ਇਹ "ਸਤਸੰਗ" ਪੰਜਾਬ ਵਿਚ ਪਿੰਡ ਪਿੰਡ, ਸ਼ਹਿਰ ਸ਼ਹਿਰ ਬਣ ਗਏ ਹਨ। ਪਰ ਕੀ ਕਿਸੇ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਧਾਰਮਕ ਸਭਾ ਸੁਸਾਇਟੀ ਨੂੰ ਫਿਕਰ ਹੈ ਜੋ ਸੈਂਕੜੇ ਸਿੱਖੀ ਸ਼ਕਲ ਸੂਰਤ ਵਾਲੇ ਉਧਰ ਕਿਉਂ ਜਾ ਰਹੇ ਹਨ ?

ਦਰਅਸਲ ਉਨ੍ਹਾਂ ਨੂੰ ਆਪਣੇ ਅਸਲੇ ਦੀ ਪਹਿਚਾਣ ਕਰਾਉਣ ਦੀ ਲੋੜ ਹੈ ਅਤੇ ਇਹ ਜਾਣਕਾਰੀ ਛੋਟੇ ਵੱਡੇ ਟ੍ਰੈਕਟਾਂ ਰਾਹੀਂ ਬਹੁਤ ਵੱਡੀ ਗਿਣਤੀ 'ਚ ਛਪਵਾ ਕੇ ਫਰੀ ਵੰਡਣ ਨਾਲ ਹੀ ਹੋ ਸਕਦੀ ਹੈ।

ਇਹ ਅਤੇ ਇਸ ਤਰ੍ਹਾਂ ਦੀਆਂ ਹੋਰ ਕਿਤਨੀਆਂ ਹੀ ਗੱਲਾਂ ਵਿਚਾਰਨ ਅਤੇ ਪ੍ਰਚਾਰਨ ਯੋਗ ਹਨ ਪਰ ਸਮੇਂ ਅਤੇ ਥਾਂ ਦੀ ਥੁੜ ਕਾਰਨ ਅੱਜ ਅਸੀਂ ਇਸ ਆਉਂਦੇ ਸ਼ਹੀਦੀ ਪੁਰਬ ਉਤੇ ਲਗਣ ਵਾਲੀ ਛਬੀਲ ਬਾਰੇ ਹੀ ਵੀਚਾਰ ਸਾਂਝੇ ਕਰਨੇ ਹਨ ਅਤੇ ਪਾਠਕਾਂ ਨੂੰ ਦਸਣਾ ਚਾਹੁੰਦੇ ਹਾਂ ਕਿ ਇਸ ਮੌਕੇ ਉਤੇ ਵੰਡਣ ਲਈ ੮-੧੦ ਤਰ੍ਹਾਂ ਦੇ ਟ੍ਰੈਕਟ, ਸਭਾ ਵਲੋਂ ਲਾਗਤ ਨਾਲੋਂ ਘੱਟ ਮੁੱਲ ਉਤੇ ੪੦ ਰੁਪਏ ਸੈਂਕੜਾ ਦੇ ਹਿਸਾਬ ਮੰਗਵਾਏ ਜਾ ਸਕਦੇ ਹਨ ਤੇ ਧਰਮ ਪ੍ਰਚਾਰ

ਵਿਚ ਯੋਗ ਹਿੱਸਾ ਪਾਇਆ ਜਾ ਸਕਦਾ ਹੈ ।

## ਛਬੀਲਾਂ ਲਾਉਣ-ਲਗਾਉਣ ਵਾਲੇ ਵੀਰੋ !

ਇਹ ਠੀਕ ਹੈ ਜੋ ਤੁਸੀਂ ਇਹ ਛਬੀਲਾਂ ਲਾਉਂਦੇ ਲਗਾਉਂਦੇ ਹੋ, ਇਹ ਸ਼ਰਧਾ-ਪਿਆਰ ਦੀ ਭਾਵਨਾ ਨਾਲ ਹੀ ਪਿਆਰ ਦੇ ਨਾਲ ਗੁਰਬਾਣੀ ਅਤੇ ਗੁਰ ਇਤਿਹਾਸ ਤੋਂ ਜੇ ਯੋਗ ਅਗਵਾਈ ਲੈ ਲਈ ਜਾਵੇ ਤਾਂ ਸੋਨੇ ਉਤੇ ਸੁਹਾਗੇ ਦਾ ਕੰਮ ਹੋ ਜਾਵੇਗਾ ਅਤੇ ਤੁਹਾਡਾ ਸਾਰਾ ਉਦਮ ਯਤਨ ਤੇ ਮਾਇਆ ਸਭ ਸਫਲ ਹੋਵੇਗੀ - ਲੇਖੇ ਲਗੇਗੀ ।

ਯਾਦ ਰਖੀਏ ! ਬਿਨਾਂ ਵਿਚਾਰ ਤੋਂ ਸ਼ਰਧਾ, ਜਿਸ ਨੂੰ ਅੰਨੀ ਸ਼ਰਧਾ ਵੀ ਕਿਹਾ ਜਾਂਦਾ ਹੈ, ਬਹੁਤ ਵਾਰੀ ਲਾਭ ਦੀ ਥਾਂ ਨੁਕਸਾਨ-ਦੇਹ ਸਾਬਤ ਹੁੰਦੀ ਹੈ ਅਤੇ ਕਈ ਵਾਰ ਸਿੱਖੀ ਆਸ਼ੇ ਤੋਂ ਦੂਰ ਲੈ ਜਾਂਦੀ ਹੈ। ਇਸ ਲਈ ਦਾਸਾਂ ਦੀ ਦੋ ਹੱਥ ਜੋੜ ਬੇਨਤੀ ਹੈ ਕਿ ਇਸ ਆਉਂਦੇ ਸ਼ਹੀਦੀ ਪੁਰਬ ਸਮੇਂ ਲਗਣ ਵਾਲੀ ਛਬੀਲ ਬਾਰੇ ਜ਼ਰੂਰ ਸੋਚੋ ਜ਼ਰੂਰ ਵਿਚਾਰ ਕਰੋ ।

ਇਹ ਠੀਕ ਹੈ ਕਿ ਕਈ ਸਾਲਾਂ ਤੋਂ ਚਲੀ ਆ ਰਹੀ ਛਬੀਲ ਦੀ ਪ੍ਰਥਾ ਨੂੰ ਬਦਲਣਾ ਬਹੁਤ ਮੁਸ਼ਕਲ ਹੈ। ਕਿਸੀ ਵਿਰਲੇ ਸੂਰਮੇ ਦਾ ਹੀ ਕੰਮ ਹੁੰਦਾ ਹੈ ਜੋ ਗੁਰਮਤਿ ਨੂੰ ਵੀਚਾਰਦਾ ਅਪਣਾਉਂਦਾ ਤੇ ਪ੍ਰਚਾਰਦਾ ਹੈ। ਪਰ ਜ਼ਰਾ ਸੋਚੋ! ਇਸ ਤਰ੍ਹਾਂ ਦੀਆਂ ਲਗਣ ਵਾਲੀਆਂ ਛਬੀਲਾਂ ਵਿਚ ਲੱਸੀ ਚਾਹ ਆਦਿ ਛਕਾਉਣ ਸਮੇਂ ਇਹ ਧਿਆਨ ਬਿਲਕੁਲ ਨਹੀਂ ਕੀਤਾ ਜਾਂਦਾ ਕਿ ਕਿਸੇ ਨੇ ਗੁਰੂ ਘਰ ਵਿਚ ਵਿਵਰਜਤ ਵਸਤਾਂ, ਜ਼ਰਦਾ-ਤੰਬਾਕੂ, ਬੀੜੀ-ਸਿਗਰਟ, ਪਾਨ ਆਦਿ ਪੀਤਾ ਖਾਧਾ ਹੋਇਆ ਹੈ ਕਿ ਨਹੀਂ। ਬਿਨਾਂ ਵਿਚਾਰ ਕੀਤੇ ਇਹੋ ਜਿਹੇ ਪੁਰਸ਼ਾਂ ਨੂੰ ਲੱਸੀ ਆਦਿ ਛਕਾ ਕੇ, ਬਿਨਾਂ ਚੰਗੀ ਤਰ੍ਹਾਂ ਸਾਫ ਕੀਤੇ, ਉਨ੍ਹਾਂ ਹੀ

ਗਲਾਸਾਂ ਵਿਚ ਅੰਮ੍ਰਿਤਧਾਰੀ ਸਿੰਘਾਂ ਨੂੰ ਛਕਾਉਣਾ ਜਾਂ ਛਕਣ ਲਈ ਮਜਬੂਰ ਕਰਨਾ ਕਿਥੋਂ ਤੱਕ ਠੀਕ ਹੈ ?

ਜੇ ਸਾਨੂੰ ਹਾਲਾਂ ਤਕ ਧਰਮ ਪ੍ਰਚਾਰ ਦੀ ਸਭ ਤੋਂ ਵਧੀਆ ਅਤੇ ਦੇਰ ਤਕ ਅਸਰ ਕਰਨ ਵਾਲੇ ਅਤੇ ਦੂਰ ਤਕ ਪੁਜ ਕੇ ਪ੍ਰਭਾਵ ਪਾਉਣ ਵਾਲੀ ਛਬੀਲ (ਧਾਰਮਕ ਲਿਟਰੇਚਰ) ਨੂੰ ਫਰੀ ਜਾਂ ਅੱਧੇ ਮੁੱਲ ਉਤੇ ਵੰਡਣ ਦੀ ਮਹਾਨਤਾ ਦਾ ਪਤਾ ਨਹੀਂ ਲਗ ਸਕਿਆ ਜਾਂ ਹਾਲਾਂ ਅਸੀਂ ਨਹੀਂ ਸਮਝਣਾ ਅਤੇ ਲਕੀਰ ਦੇ ਫਕੀਰ ਬਣ ਕੇ ਪਹਿਲੇ ਦੀ ਤਰ੍ਹਾਂ ਹੀ ਠੰਡੇ ਮਿੱਠੇ ਪਾਣੀ ਦੀ ਹੀ ਛਬੀਲ ਜ਼ਰੂਰ ਲਾਉਣੀ ਹੈ ਤਾਂ ਘੱਟੋ ਘੱਟ ਅੱਧੇ ਪੈਸਿਆਂ ਦੀ ਛਬੀਲ ਅਤੇ ਅੱਧੇ ਪੈਸਿਆਂ ਦੇ ਟ੍ਰੈਕਟ ਗੁਟਕੇ, ਸਟੀਕ ਤੇ ਹੋਰ ਧਾਰਮਕ ਲਿਟਰੇਚਰ ਆਦਿ ਵੰਡਿਆ ਜਾਵੇ ।ਅਤੇ ਛਬੀਲ ਵਾਲੇ ਗਲਾਸਾਂ ਨੂੰ ਲਾਲ ਦੁਆਈ ਨਾਲ ਹਰ ਵਾਰ ਜ਼ਰੂਰ ਸਾਫ ਕਰ ਕੇ ਫਿਰ ਸਾਦੇ ਪਾਣੀ ਨਾਲ ਜ਼ਰੂਰ ਧੋ ਲਿਆ ਜਾਏ।

ਜਾਂ ਇਨ੍ਹਾਂ ਛਬੀਲਾਂ ਨੂੰ ਗੁਰਦੁਆਰਿਆਂ ਦੇ ਅਹਾਤਿਆਂ ਦੇ ਅੰਦਰ-ਅੰਦਰ ਹੀ ਲਾਇਆ ਜਾਏ ਤਾਂ ਜੋ ਗੁਰਮਤਿ ਵਿਰੋਧੀ ਵਸਤਾਂ ਦਾ ਬੇਮਲੂਮਾ ਅਸਰ ਗੁਰੂ ਸੁਆਰੀਆਂ ਸੰਗਤਾਂ ਉਤੇ ਨਾ ਪਵੇ।

ਛਬੀਲ ਤਿਆਰ ਕਰਨ ਅਤੇ ਵਰਤਾਉਣ ਸਮੇਂ ਸਫਾਈ, ਸੁਛਤਾ ਤੇ ਸੁੱਚਮਤਾ ਦਾ ਵੀ ਖਾਸ ਧਿਆਨ ਰਖਿਆ ਜਾਏ।

ਨੋਟ:- ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਵਾਰਤਾ ਤੇ ਹੋਰ ਵੱਖ-ਵੱਖ ਤਰ੍ਹਾਂ ਦੇ ਟ੍ਰੈਕਟ ਮੰਗਵਾਉਣ ਲਈ ਮਾਇਆ ਸ: ਦੀਦਾਰ ਸਿੰਘ ਸੀ-੧੨੯ ਵਿਕਾਸ ਕਾਲੋਨੀ ਪਟਿਆਲਾ ਨੂੰ ਪਹਿਲਾਂ ਭੇਜੀ ਜਾਏ।

-ਪ੍ਰਾਰਥਕ।

# ਜ਼ਰੂਰੀ ਸੂਚਨਾ

ਕੁਝ ਟ੍ਰੈਕਟਾਂ ਦਾ ਨਵਾਂ ਸੰਗ੍ਰਹਿ 'ਨਾਮ ਸਹਾਈ' ਦੀ ਦੂਜੀ ਐਡੀਸ਼ਨ ਤਿਆਰ ਹੋ ਗਈ ਹੈ। ਭੇਟਾ 3 ਰੁਪਏ।

'ਲੇਖਾ ਰਬ ਮੰਗੇਸੀਆ' ਦੀ ਸਤਵੀਂ ਐਡੀਸ਼ਨ ਛਪ ਗਈ ਹੈ। ਭੇਟਾ 3 ਰੁਪਏ।

'ਅਕਲੀ ਕੀਚੈ ਦਾਨ', 12 ਸਚੀਆਂ ਵਾਰਤਾਵਾਂ ਅਤੇ ਤਿੰਨ ਵੀਚਾਰ ਪੁਸਤਕਾਂ ਦੀਆਂ ਨਵੀਆਂ ਐਡੀਸ਼ਨਾਂ ਛਪ ਚੁੱਕੀਆਂ ਹਨ। ਹਰੇਕ ਦੀ ਭੇਟਾ 3 ਰੁਪਏ ਹੈ।

ਸ: ਜੁਗਿੰਦਰ ਸਿੰਘ ਬੰਬਈ ਵਾਲਿਆਂ ਦੀ ਲਿਖੀ ਪੁਸਤਕ 'ਸਿਮਰਨ ਕਿੱਦਾ ਕਰੀਏ' ਭੇਟਾ 5 ਰੁਪਏ।

ਅੰਮ੍ਰਿਤ ਵੇਲੇ ਦੀ ਮਹਾਨਤਾ ਅਤੇ ਮਹੱਤਤਾ ਦੇ ਨਾਲ-ਨਾਲ ਸਿੱਖ ਧਰਮ ਦਾ ਜੋ ਇਸ ਨਾਲ ਸੰਬੰਧ ਹੈ, ਉਸ ਦੀ ਜਾਣਕਾਰੀ ਹਰ ਇਕ ਸਿੱਖ ਨੂੰ ਹੋਣੀ ਜ਼ਰੂਰੀ ਹੈ।

ਇਹ ਜਾਣਕਾਰੀ ਪ੍ਰਾਪਤ ਕਰਨ ਲਈ ਪੜ੍ਹੋ ਪੁਸਤਕ "ਅੰਮ੍ਰਿਤ ਵੇਲਾ" ਪ੍ਰਚਾਰ ਹਿਤ ਇਹ ਪੁਸਤਕ ੫੦% ਰਿਆਇਤ ਉਤੇ (੧੦ ਰੁਪਏ) ਪ੍ਰਤੀ ਦੇ ਹਿਸਾਬ ਸ: ਦੀਦਾਰ ਸਿੰਘ ਸੀ-੧੨੯, ਵਿਕਾਸ ਕਾਲੋਨੀ, ਪਟਿਆਲਾ ਨੂੰ ਪੈਸੇ ਭੇਜ ਕੇ ਮੰਗਵਾਈ ਜਾ ਸਕਦੀ ਹੈ। ਡਾਕ ਖਰਚਾ ਵੱਖਰਾ ਹੋਵੇਗਾ।

ਨਵੀਂਆਂ ਛਪੀਆਂ ਪੁਸਤਕਾਂ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਮਰਿਯਾਦਾ-5/-

ਓਦੋਂ ਤੇ ਹੁਣ 5/-

ਓਦੋਂ ਤੇ ਅੱਜ 5/-

ਪ੍ਰਾਰਥਕ !